ਸੂਚਨਾ ਤੇ ਜ਼ਿਲਾ ਲੋਕ ਸੰਪਰਕ ਦਫ਼ਤਰ, ਫ਼ਾਜ਼ਿਲਕਾ

ਕੋਵਿਡ-19

ਜ਼ਿਲ੍ਹਾ ਮੈਜਿਸਟਰੇਟ ਵੱਲੋਂ ਕਰਫਿਊ ਦੌਰਾਨ ਦੁਕਾਨਾਂ ਖੋਲਣ ਦੇ ਸਮੇਂ 'ਚ ਛੋਟ

*ਬੇਕਰੀ/ਡਰਾਈ ਫਰੂਟ ਤੇ ਮਿਠਾਈ ਦੀਆਂ ਦੁਕਾਨਾਂ ਸਵੇਰੇ 7 ਤੋਂ ਸ਼ਾਮ 6 ਵਜ੍ਹੇ ਖੁੱਲਣਗੀਆਂ

ਫ਼ਾਜ਼ਿਲਕਾ, 14 ਮਈ

ਜ਼ਿਲਾ ਮੈਜਿਸਟਰੇਟ ਸ. ਅਰਵਿੰਦ ਪਾਲ ਸਿੰਘ ਸੰਧੂ ਨੇ ਐਪੀਡੈਮਿਕ ਕੰਟਰੋਲ ਐਕਟ 1897 ਸੈਕਸ਼ਨ-2 ਤਹਿਤ ਮਿਲੇ ਅਧਿਕਾਰਾਂ ਦੀ ਵਰਤੋ ਕਰਦੇ ਹੋਏ ਜ਼ਿਲ੍ਹਾ ਫਾਜ਼ਿਲਕਾ 'ਚ 17 ਮਈ 2020 ਨੂੰ ਤਾਲਾਬੰਦੀ/ਕਰਫਿਊ ਲਾਗੂ ਕੀਤਾ ਗਿਆ ਸੀ। ਆਮ ਜਨਤਾ ਦੀ ਸਹੂਲਤ ਨੂੰ ਦੇਖਦੇ ਹੋਏ 3 ਮਈ 2020 ਨੂੰ ਜ਼ਿਲ੍ਹਾ ਫਾਜ਼ਿਲਕਾ ਵਿਖੇ ਵੱਖ ਵੱਖ ਸ਼੍ਰੇਣੀ ਦੀਆਂ ਦੁਕਾਨਾਂ ਕਰਫਿਊ ਦੌਰਾਨ 50 ਫੀਸਦੀ ਸਟਾਫ਼ ਨਾਲ ਖੋਲਣ ਦੀ ਢਿੱਲ ਦਿੱਤੀ ਗਈ ਸੀ। ਇਸ ਤੋਂ ਇਲਾਵਾ 10 ਮਈ 2020 ਰਾਹੀ ਦੁਕਾਨਾਂ ਨੂੰ ਖੋਲਣ ਦੇ ਦਿਨ ਵਾਰ ਅਤੇ ਸਮੇਂ 'ਚ ਤਬਦੀਲੀ ਕੀਤੀ ਗਈ ਸੀ।

ਸ. ਸੰਧੂ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਜਾਰੀ ਆਦੇਸ਼ਾਂ ਦੀ ਪਾਲਣਾ ਕਰਦਿਆਂ ਜ਼ਿਲ੍ਹਾ ਫਾਜ਼ਿਲਕਾ ਵਿੱਚ ਦੁਕਾਨਾਂ ਦੇ ਖੁਲਣ ਦੇ ਦਿਨ ਵਾਰ ਅਤੇ ਸਮਾਂ ਸੋਮਵਾਰ ਤੋਂ ਸ਼ਨੀਵਾਰ ਤੱਕ ਸਵੇਰੇ 7 ਵਜ੍ਹੇ ਤੋਂ ਸ਼ਾਮ 6 ਵਜ੍ਹੇ ਤੱਕ ਮੁਕੱਰਰ ਕੀਤਾ ਜਾਂਦਾ ਹੈ, ਐਤਵਾਰ ਨੂੰ ਸਾਰੀਆਂ ਦੁਕਾਨਾਂ ਮੁਕੰਮਲ ਤੌਰ ਤੇ ਬੰਦ ਰਹਿਣਗੀਆਂ, ਪਰ ਦਵਾਈਆਂ ਦੀਆਂ ਦੁਕਾਨਾਂ ਇਸ ਸਮੇਂ ਦੌਰਾਨ ਖੁੱਲੀਆ ਰਹਿਣਗੀਆਂ ਬਾਕੀ ਹਦਾਇਤਾ ਪਹਿਲਾ ਦੀ ਤਰ੍ਹਾਂ ਬਰਕਰਾਰ ਰਹਿਣਗੀਆਂ, ਇਹ ਹੁਕਮ 17 ਮਈ 2020 ਤੱਕ ਲਾਗੂ ਰਹਿਣਗੇ।

ਹੁਕਮਾਂ 'ਚ ਕਿਹਾ ਕਿ ਹੈ ਕਿ  ਕਿਤਾਬਾ ਤੇ ਸਟੇਸ਼ਨਰੀ, ਸਕੂਲ ਬੈਗ ਦੀਆਂ ਦੁਕਾਨਾ ਬਿਜਲੀ/ਮੋਬਾਈਲ ਦੁਕਾਨਾਂ/ ਡੀ.ਟੀ.ਐਚ ਸਰਵਿਸ/ ਬਿਜਲੀ ਵਾਲੀਆਂ ਵਸਤਾਂ ਦੀ ਰਿਪੇਅਰਿੰਗ/ ਬੂਟਾਂ/ਰੈਡੀਮੇਡ ਕਪੜਿਆਂ ਦੀਆਂ ਦੁਕਾਨਾਂ, ਸਪੇਅਰ ਪਾਰਟ ਤੇ ਹਰ ਤਰਾਂ ਦੀਆਂ ਰਿਪੇਅਰਿੰਗ/ਸਰਵਿਸ-ਸਟੇਸ਼ਨ ਦੀਆਂ ਦੁਕਾਨਾਂ, ਉਸਾਰੀ ਸਮੱਗਰੀ/ਹਾਰਡਵੇਅਰ/ਪਲਾਈਵੁੱਡ/ਆਈਰਨ ਸੈਨੀਟਰੀ/ਫਰਨੀਚਰ/ਪੇਂਟ/ਲਕੱੜ ਕਟਿੰਗ ਦੀਆਂ ਦੁਕਾਨਾਂ, ਕਰੋਕਰੀ/ਜਨਰਲ ਸਟੋਰ/ਗਿਫਟ, ਸੁਨਿਆਰ/ਦਰਜੀ, ਡਰਾਈ ਕਲੀਨਰ/ਹੋਜ਼ਰੀ/ਕਪੜੇ ਦੇ ਵਪਾਰੀ/ਬੁਟਿਕਸ, ਫੋਟੋਗ੍ਰਾਫਰਸ/ਓਪਟੀਕਲ ਦੀਆਂ ਦੁਕਾਨਾ, ਪੋਲਟਰੀ/ਪਸ਼ੂ ਚਾਰੇ ਦੀ ਸਪਲਾਈ ਸੋਮਵਾਰ ਤੋਂ ਸ਼ਨੀਵਾਰ ਸਵੇਰੇ 9 ਵਜੇ ਤੋਂ ਸ਼ਾਮ 6 ਵਜੇ ਖੁੱਲਣਗੀਆਂ।

ਜਾਰੀ ਹੁਕਮਾਂ 'ਚ ਉਨ੍ਹਾਂ ਕਿਹਾ ਕਿ ਰੋਜ਼ਾਨਾ ਅਖਬਾਰਾਂ ਦੀ ਸਪਲਾਈ ਸਵੇਰੇ 6 ਤੋਂ ਰਾਤ 8 ਵਜੇ, ਦੁੱਧ ਦੀ ਸਪਲਾਈ ਤੇ ਸਟੋਰਜ ਸਵੇਰੇ 7 ਤੋਂ ਸਵੇਰੇ 9 ਅਤੇ ਸ਼ਾਮ 5 ਤੋਂ ਸ਼ਾਮ 7 ਵਜੇ, ਪਸ਼ੂ ਚਾਰੇ ਦੀ ਸਪਲਾਈ ਸਵੇਰੇ 7 ਵਜੇ ਤੋਂ ਸਵੇਰੇ 10 ਵਜੇ, ਗੈਸ ਦੀ ਸਪਲਾਈ ਦੁਪਹਿਰ 12 ਵਜੇ ਤੋਂ ਸ਼ਾਮ 7 ਵਜੇ,  ਬੈਂਕ/ਏ.ਟੀ.ਐਮਜ਼ ਸਵੇਰੇ 9 ਤੋਂ ਦੁਪਹਿਰ 1 ਵਜ੍ਹੇ ਤੱਕ ਪਬਲਿਕ ਡੀਲਿੰਗ ਅਤੇ ਦੁਪਹਿਰ 1 ਵਜ੍ਹੇ ਤੋਂ ਸ਼ਾਮ 4 ਵਜ੍ਹੇ ਤੱਕ ਦਫ਼ਤਰੀ ਕੰਮ ਲਈ ਖੁੱਲੇ ਰਹਿਣਗੇ, ਨੈਸ਼ਨਲ/ਹਾਈਵੇ 'ਤੇ ਸਥਿਤ ਪਟਰੋਲ/ਡੀਜ਼ਲ ਪੰਪ 24 ਘੰਟੇ, ਸ਼ਹਿਰੀ ਤੇ ਪੇਂਡੂ ਖੇਤਰ ਵਿਖੇ ਸਵੇਰੇ 7 ਤੋਂ ਦੁਪਹਿਰ 6 ਵਜੇ ਤੱਕ ਅਤੇ ਰਾਜਸਥਾਨ ਬਾਰਡਰ ਦੇ 10 ਕਿਲੋਮੀਟਰ ਦੇ ਏਰੀਏ ਅਧੀਨ ਪੈਂਦੇ ਪੰਪ ਸਵੇਰੇ 7 ਤੋਂ ਸਵੇਰੇ 10 ਤੇ ਸ਼ਾਮ 4 ਵਜੇ ਤੋਂ ਸ਼ਾਮ 7 ਵਜੇ ਤੱਕ ਖੁੱਲ੍ਹੇ ਰਹਿਣਗੇ, ਇੰਸ਼ੋਰੈਂਸ ਕੰਪਨੀਆਂ/ ਪੋਸਟ ਆਫਿਸ/ ਕੋਰੀਅਰ ਸੇਵਾਵਾਂ/ਵਿਤੀ ਕੰਪਨੀਆਂ ਤੇ ਗੈਰ ਵਿਤੀ ਕੰਪਨੀਆਂ/ਈ-ਕਾਮਰਸ ਸਵੇਰੇ 9 ਤੋਂ ਸ਼ਾਮ 4 ਵਜੇ ਤੱਕ, ਕਿਸਾਨਾਂ ਵੱਲੋਂ ਕਣਕ ਟਰਾਲੀਆਂ ਰਾਹੀਂ ਅਨਾਜ ਮੰਡੀਆਂ ਵਿਚ ਲਿਆਉਣ ਲਈ ਸਮਾਂ ਸਵੇਰੇ 7 ਤੋਂ ਸ਼ਾਮ 6 ਵਜੇ, ਖੇਤਾਂ ਵਿੱਚ ਕੰਬਾਇਨਾਂ ਦੀ ਵਰਤੋਂ ਸਵੇਰੇ 7 ਤੋਂ ਰਾਤ 8 ਵਜੇ, ਕਿੰਨੂਆਂ ਦੀ ਵੈਕਸਿੰਗ/ਫਰੂਟ/ਬਾਗਬਾਨੀ ਵਸਤਾਂ/ਕੋਲਡ ਸਟੋਰ ਵਿਖੇ ਆਵਾਜਾਈ ਸਵੇਰੇ 7 ਤੋਂ ਸ਼ਾਮ 7 ਵਜੇ, ਕੋਆਪਰੇਟਿਵ ਸੋਸਾਇਟੀਆਂ ਦੇ ਖੁੱਲ੍ਹਣ ਦਾ ਸਮਾਂ ਸਵੇਰੇ 9 ਤੋਂ ਸਾਮ 5 ਵਜੇ ਤੱਕ, ਕਣਕ ਸਟੋਰ ਕਰਨ ਵਾਲੇ ਗੋਦਾਮ ਸਵੇਰੇ 7 ਤੋਂ ਸ਼ਾਮ 7 ਵਜੇ, ਮੈਡੀਕਲ/ਵੈਟਨਰੀ ਦੁਕਾਨਾਂ ਸਵੇਰੇ 7 ਤੋਂ ਸਵੇਰੇ 9 ਵਜੇ ਤੱਕ ਹੋਲਸੇਲ ਲਈ ਅਤੇ ਸਵੇਰੇ 9 ਤੋਂ ਸ਼ਾਮ 6 ਵਜ੍ਹੇ ਤੱਕ ਰਿਟੇਲ ਵਰਕ ਲਈ, ਸੈਂਪਲ ਲੈਣ ਵਾਲੀਆਂ ਲੈਬਾਰਟਰੀਆਂ ਸਵੇਰੇ 7 ਤੋਂ ਸ਼ਾਮ 6 ਵਜੇ ਤੱਕ, ਡੈਂਟਲ ਕਲੀਨਿਕ, ਖਾਦਾਂ, ਕੀਟਨਾਸ਼ਕਾਂ, ਬੀਜ, ਆਟਾ ਮਿੱਲਾਂ, ਮੱਛੀ ਫਾਰਮਾਂ ਨੂੰ ਫੀਡ ਦੀ ਸਪਲਾਈ, ਚਿਕਨ/ਆਂਡਿਆਂ ਦੀ ਸਪਲਾਈ, ਪੀਣ ਵਾਲੇ ਪਾਣੀ ਦੀ ਸਪਲਾਈ ਤੇ ਪ੍ਰਿਟਿੰਗ ਪ੍ਰੈਸ ਖੁੱਲ੍ਹਣ ਦਾ ਸਮਾਂ ਸਵੇਰੇ 7 ਵਜੇ ਤੋਂ ਸ਼ਾਮ 6 ਵਜੇ ਤੱਕ ਰੋਜਾਨਾ ਹੋਵੇਗਾ।

ਜਾਰੀ ਹੁਕਮਾਂ 'ਚ ਕਿਹਾ ਹੈ ਕਿ ਪੱਕੀਆਂ ਦੁਕਾਨਾ ਵਾਲੇ ਸਬਜੀ/ਫਲ ਦੀ ਸਪਲਾਈ ਤੇ ਸਟੋਰਜ ਸੋਮਵਾਰ ਤੋਂ ਸ਼ਨੀਵਾਰ ਸਵੇਰੇ 7 ਤੋਂ 10 ਵਜੇ ਤੱਕ ਕਰ ਸਕਣਗੇ, ਇਸ ਤੋਂ ਇਲਾਵਾ ਸਬਜੀ ਵੇਚਣ ਵਾਲੇ ਵਿਕਰੇਤਾ ਸਵੇਰੇ 7 ਤੋਂ ਦੁਪਹਿਰ 2 ਵਜੇ ਤੱਕ ਸਬਜੀ/ਫਲ ਦੀ ਵਿਕਰੀ ਕਰ ਸਕਣਗੇ। ਥੋਕ ਵਿਕਰੇਤਾ ਕਰਿਆਣੇ ਦੀਆਂ ਦੁਕਾਨਾਂ ਸੋਮਵਾਰ ਤੋਂ ਸ਼ਨੀਵਾਰ ਸਵੇਰੇ 7 ਤੋਂ ਸਵੇਰੇ 9 ਵਜੇ ਤੱਕ ਅਤੇ ਰਿਟੇਲ ਦੁਕਾਨਦਾਰ ਸਵੇਰੇ 9 ਤੋਂ ਸ਼ਾਮ 6 ਵਜੇ ਤੱਕ ਖੋਲ ਸਕਣਗੇ।

ਇਸ ਤੋਂ ਇਲਾਵਾ ਬੇਕਰੀ/ਡਰਾਈ ਫਰੂਟ ਤੇ ਮਿਠਾਈ ਦੀਆਂ ਦੁਕਾਨਾਂ ਸੋਮਵਾਰ ਤੋਂ ਸ਼ਨੀਵਾਰ ਨੂੰ ਸਵੇਰੇ 7 ਤੋਂ ਸ਼ਾਮ 6 ਵਜ੍ਹੇ ਅਤੇ ਸ਼ਰਾਬ ਦੇ ਠੇਕੇ ਅਤੇ ਦੁਕਾਨਾਂ ਰੋਜਾਨਾ ਸਵੇਰੇ 7 ਤੋਂ ਸ਼ਾਮ 6 ਵਜੇ ਤੱਕ ਖੁੱਲਣਗੀਆਂ ।

ਜ਼ਿਲ੍ਹਾ ਫ਼ਾਜਿਲਕਾ ਵਿਚ ਸਥਾਪਿਤ ਸੇਵਾ ਕੇਂਦਰ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਫਾਜ਼ਿਲਕਾ, ਦਫ਼ਤਰ ਨਗਰ ਕੌਂਸਲ ਫ਼ਾਜਿਲਕਾ, ਸਬ ਤਹਿਸੀਲ ਅਰਨੀਵਾਲਾ ਸੇਖ ਸੁਭਾਨ, ਤਹਿਸੀਲ ਕੰਪਲੈਕਸ ਅਬੋਹਰ, ਗਰੇਨ ਮਾਰਕੀਟ ਅਬੋਹਰ, ਸਬ ਤਹਿਸੀਲ ਸੀਤੋਗੁਨੋ, ਪਿੰਡ ਸੱਪਾਵਾਲੀ, ਸਬ ਤਹਿਸੀਲ ਖੂਈਆ ਸਰਵਰ, ਤਹਿਸੀਲ ਕੰਪਲੈਕਸ ਜਲਾਲਾਬਾਦ, ਦਫ਼ਤਰ ਮਾਰਕੀਟ ਕਮੇਟੀ ਜਲਾਲਾਬਾਦ ਸੇਵਾ ਕੇਂਦਰ ਸੋਮਵਾਰ ਤੋਂ ਸ਼ਨੀਵਾਰ ਸਵੇਰੇ 9 ਤੋਂ ਦੁਪਹਿਰ 1 ਵਜੇ ਤੱਕ ਆਮ ਜਨਤਾ ਲਈ ਖੁੱਲ੍ਹੇ ਰਹਿਣਗੇ ਅਤੇ ਦੁਪਹਿਰ 1 ਤੋਂ ਸ਼ਾਮ 5 ਵਜੇ ਤੱਕ ਲੋਕ ਵੈਬਸਾਈਟ, ਕੋਵਾ ਐਪ ਅਤੇ ਕਾਲ ਸੈਂਟਰ 'ਤੇ ਆਗਾਮੀ ਆਗਿਆ ਲੈ ਕੇ ਸੇਵਾ ਕੇਂਦਰ ਵਿਖੇ ਜਾ ਸਕਦੇ ਹਨ। ਇਹ ਹੁਕਮ 17 ਮਈ 2020 ਤੱਕ ਲਾਗੂ ਰਹਿਣਗੇ।

**ਪ੍ਰੈਸ ਨੋਟ-1**

**1/24912/2020**

ਸੂਚਨਾ ਤੇ ਜ਼ਿਲ੍ਹਾ ਲੋਕ ਸੰਪਰਕ ਦਫ਼ਤਰ, ਫਾਜ਼ਿਲਕਾ

ਬੀਤੀ ਰਾਤ ਫਾਜ਼ਿਲਕਾ ਜ਼ਿਲ੍ਹੇ ’ਚ 3 ਹੋਰ ਰਿਪੋਰਟਾਂ ਕੋਰੋਨਾ ਪਾਜੀਟਿਵ ਆਈਆਂ

*ਹੁਣ ਤੱਕ ਜ਼ਿਲ੍ਹੇ ਅੰਦਰ ਕੁੱਲ 44 ਕੋਰੋਨਾ ਐਕਟਿਵ ਕੇਸ ਹੋਏ-ਸਿਵਲ ਸਰਜਨ

ਫਾਜ਼ਿਲਕਾ, 15 ਮਈ:

ਬੀਤੀ ਦੇਰ ਰਾਤ ਨੂੰ ਤਿੰਨ ਹੋਰ ਕੋਰੋਨਾ ਕੇਸਾਂ ਦੇ ਸੈਂਪਲਾਂ ਦੀ ਰਿਪੋਰਟ ਪਾਜ਼ੀਟਿਵ ਆਈ ਹੈ। ਇਹ ਜਾਣਕਾਰੀ ਸਿਵਲ ਸਰਜਨ ਡਾ. ਹਰਚੰਦ ਸਿੰਘ ਨੇ ਦਿੱਤੀ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਫ਼ਾਜ਼ਿਲਕਾ ਵਿਖੇ ਤਿੰਨ ਹੋਰ ਰਿਪੋਰਟਾਂ ਪਾਜੀਟਿਵ ਆਉਣ ਨਾਲ ਜ਼ਿਲ੍ਹੇ ਅੰਦਰ ਹੁਣ ਤੱਕ ਕੁੱਲ 44 ਕੋਰੋਨਾ ਐਕਟਿਵ ਕੇਸ ਹੋ ਗਏ ਹਨ।

ਉਨ੍ਹਾਂ ਦੱਸਿਆ ਕਿ ਬੀਤੀ ਰਾਤ ਪਾਜੀਟਿਵ ਕੇਸਾਂ ਦੇ ਵਿੱਚ ਦੋ ਮਰਦ ਅਤੇ ਇਕ ਔਰਤ ਜਿਨ੍ਹਾਂ ਦੀ ਕ੍ਰਮਵਾਰ ਉਮਰ ਕਰੀਬ 41 ਤੇ 55 ਸਾਲ ਹੈ ਅਤੇ ਮਹਿਲਾ ਦੀ ਉਮਰ ਕਰੀਬ 46 ਸਾਲ ਹੈ। ਇਨ੍ਹਾਂ ਪਾਜੀਟਿਵ ਮਰੀਜਾਂ ਨੂੰ ਜਲਾਲਾਬਾਦ ਸਿਵਲ ਹਸਪਤਾਲ ਵਿਖੇ ਭੇਜ ਦਿੱਤਾ ਗਿਆ ਹੈ। ਉਨ੍ਹਾਂ ਲੋਕਾਂ ਨੂੰ ਸਮਾਜਿਕ ਦੂਰੀ ਬਣਾਏ ਰੱਖਣ ਦੀ ਅਪੀਲ ਕੀਤੀ।

**ਪ੍ਰੈਸ ਨੋਟ-2**

**1/24921/2020**

ਸੂਚਨਾ ਤੇ ਜ਼ਿਲ੍ਹਾ ਲੋਕ ਸੰਪਰਕ ਦਫ਼ਤਰ, ਫਾਜ਼ਿਲਕਾ

ਲੋੜਵੰਦਾਂ ਨੂੰ ਸਾਡੀਆ ਰਸੋਈਆ ਰਾਹੀ ਮੁਹੱਈਆ ਕਰਵਾਇਆ

ਜਾਵੇਗਾ ਸਸਤਾ ਤੇ ਵਧੀਆ ਭੋਜਨ

*ਸਾਡੀ ਰਸੋਈ ਵਾਲੀ ਥਾਂ ਤੇ ਬੈਠ ਕੇ ਖਾਣਾ ਖਾਣ ਦੀ ਆਗਿਆ ਨਹੀਂ ਹੋਵੇਗੀ

ਫਾਜ਼ਿਲਕਾ, 15 ਮਈ

ਕੋਵਿਡ-19 ਦੀ ਮਹਾਂਮਾਰੀ ਕਰਕੇ ਪੈਦਾ ਹੋਏ ਮੁਸ਼ਕਲ ਹਾਲਾਤ ਦੌਰਾਨ ਲੋੜਵੰਦਾਂ ਨੂੰ ਸਸਤੇ ਰੇਟਾਂ ’ਤੇ ਵਧੀਆ ਖਾਣਾ ਮੁਹੱਈਆ ਕਰਾਉਣ ਲਈ ਡਿਪਟੀ ਕਮਿਸ਼ਨਰ-ਕਮ-ਪ੍ਰਧਾਨ ਜਿਲ੍ਹਾ ਰੈਡ ਕਰਾਸ ਸੋਸਾਇਟੀ ਫਾਜ਼ਿਲਕਾ ਸ੍ਰੀ ਅਰਵਿੰਦ ਪਾਲ ਸਿੰਘ ਸੰਧੂ ਵੱਲੋਂ ਜਿਲ੍ਹਾ ਰੈਡ ਕਰਾਸ ਸੋਸਾਇਟੀ ਫਾਜ਼ਿਲਕਾ ਨੂੰ ਸਾਡੀਆਂ ਰਸੋਈਆਂ ਫਾਜ਼ਿਲਕਾ ਅਤੇ ਜਲਾਲਾਬਾਦ ਮੁੜ ਚਾਲੂ ਕਰਨ ਦੀ ਹਦਾਇਤ ਕੀਤੀ ਹੈ।

ਸਕੱਤਰ ਜ਼ਿਲ੍ਹਾ ਰੈਡ ਕਰਾਸ ਸੋਸਾਇਟੀ ਸੁਭਾਸ਼ ਅਰੋੜਾ ਨੇ ਦਸਿਆ ਕਿ ਇਹ ਰਸੋਈਆਂ 18 ਮਈ 2020 ਤੋਂ ਚਾਲੂ ਕੀਤੀਆਂ ਜਾ

ਰਹੀਆ ਹਨ। ਇਹਨਾਂ ਰਸੋਈਆ ਵਿੱਚ ਸਵੇਰੇ 10 ਵਜੇ ਤੋਂ 3 ਵਜੇ ਤੱਕ ਸਿਰਫ 10 ਰੁਪਏ ਵਿੱਚ ਲੋੜਵੰਦ ਵਿਅਕਤੀਆਂ ਨੂੰ ਖਾਣਾ ਪੈਕ ਕਰਕੇ ਮੁਹੱਈਆ ਕਰਵਾਇਆ ਜਾਵੇਗਾ। ਉਹਨਾਂ ਇਹ ਵੀ ਦਸਿਆ ਕਿ ਕਰੋਨਾ ਵਾਇਰਸ ਨੂੰ ਫੈਲਣ ਤੋਂ ਰੋਕਣ ਲਈ ਸਾਡੀਆਂ ਰਸੋਈਆਂ ਤੇ ਪੂਰੀਆਂ ਸਾਵਧਾਨੀਆਂ ਵਰਤੀਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਸਾਡੀ ਰਸੋਈ ਵਾਲੀ ਥਾਂ ਤੇ ਬੈਠ ਕੇ ਖਾਣਾ ਖਾਣ ਦੀ ਆਗਿਆ ਨਹੀਂ ਹੋਵੇਗੀ।

**ਪ੍ਰੈਸ ਨੋਟ-3**

**1/24933/2020**

ਸੂਚਨਾ ਤੇ ਜ਼ਿਲ੍ਹਾ ਲੋਕ ਸੰਪਰਕ ਦਫ਼ਤਰ, ਫਾਜ਼ਿਲਕਾ

ਉਤਰ ਪ੍ਰਦੇਸ਼ ਦੇ ਗੋਰਖਪੁਰ ਦੇ 143 ਪ੍ਰਵਾਸੀ 5 ਬੱਸਾਂ ਰਾਹੀਂ ਫਿਰੋਜਪੁਰ ਰੇਲਵੇ ਸਟੇਸ਼ਨ ਲਈ ਭੇਜੇ

*ਫਿਰੋਜਪੁਰ ਤੋਂ ਉਤਰ ਪ੍ਰਦੇਸ਼ ਲਈ ਸ਼ਾਮ ਨੂੰ 7 ਵਜ੍ਹੇ ਰਵਾਨਾ ਹੋਵੇਗੀ ਰੇਲਗੱਡੀ-ਡਿਪਟੀ ਕਮਿਸ਼ਨਰ

ਫਾਜ਼ਿਲਕਾ, 15 ਮਈ:

ਕੋਵਿਡ-19 ਦੇ ਮੱਦੇਨਜ਼ਰ ਜ਼ਿਲ੍ਹਾ ਫਾਜ਼ਿਲਕਾ ਵਿਖੇ ਕਰਫਿਊ ਅਤੇ ਲਾਕਡਾਊਨ ਦੀ ਸਥਿਤੀ ਕਾਰਣ ਫਸੇ ਉਤਰ ਪ੍ਰਦੇਸ਼ ਦੇ ਗੋਰਖਪੁਰ ਦੇ 143 ਪ੍ਰਵਾਸੀ ਵੱਲੋਂ www.covidhelp.punjab.gov.in ਵੈਬਸਾਈਟ ’ਤੇ ਰਜਿਸਟ੍ਰੇਸ਼ਨ ਕਰਵਾਈ ਗਈ ਸੀ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਸ. ਅਰਵਿੰਦ ਪਾਲ ਸਿੰਘ ਸੰਧੂ ਨੇ ਦਿੱਤੀ। ਉਨ੍ਹਾਂ ਦੱਸਿਆ ਕਿ ਵੈਬਸਾਈਟ ’ਤੇ ਅਪਲਾਈ ਕਰਨ ਵਾਲੇ ਸਬ ਡਵੀਜਨ ਫ਼ਾਜ਼ਿਲਕਾ ਦੇ 37, ਸਬ ਡਵੀਜਨ ਅਬੋਹਰ ਦੇ 55 ਅਤੇ ਜਲਾਲਾਬਾਦ ਦੇ 51 ਪ੍ਰਵਾਸੀਆਂ ਨੂੰ ਬੱਸਾਂ ਰਾਹੀਂ ਫਿਰੋਜਪੁਰ ਰੇਲਵੇ ਸਟੇਸ਼ਨ ਲਈ ਰਵਾਨਾ ਕਰ ਦਿੱਤਾ ਗਿਆ ਹੈ।

ਉਨ੍ਹਾਂ ਕਿਹਾ ਕਿ ਇਹ ਪ੍ਰਵਾਸੀ ਅੱਜ ਸ਼ਾਮ 7 ਵਜੇ ਫਿਰੋਜਪੁਰ ਤੋਂ ਉਤਰ ਪ੍ਰਦੇਸ਼ ਲਈ ਚਲਣ ਵਾਲੀ ਰੇਲਗੱਡੀ ਰਾਹੀਂ ਆਪਣੇ ਘਰਾਂ ਨੂੰ ਵਾਪਸ ਪਹੰੁਚ ਸਕਣਗੇ। ਉਨ੍ਹਾਂ ਦੱਸਿਆ ਕਿ ਸਾਰੇ ਪ੍ਰਵਾਸੀਆਂ ਦੀ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਬਕਾਇਦਾ ਸਕਰੀਨਿੰਗ ਕਰਵਾਈ ਗਈ ਹੈ। ਆਪਣੇ ਘਰਾਂ ਨੂੰ ਜਾਣ ਵੇਲੇ ਸਮੂਹ ਪ੍ਰਵਾਸੀਆਂ ਨੇ ਪੰਜਾਬ ਸਰਕਾਰ ਤੇ ਜਿਲ੍ਹਾ ਪ੍ਰਸ਼ਾਸਨ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਹਰੇਕ ਪ੍ਰਵਾਸੀ ਵਿਅਕਤੀ ਨੂੰ ਉਨ੍ਹਾਂ ਦੇ ਰਾਜਾਂ ਤੱਕ ਅਤੇ ਜ਼ਿਲ੍ਹਾ ਫ਼ਾਜਿਲਕਾ ਵਿੱਚ ਆਉਣ ਵਾਲੇ ਲੋਕਾਂ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਯੋਜਨਾਬੱਧ ਢੰਗ ਨਾਲ ਕਾਰਵਾਈ ਕੀਤੀ ਜਾ ਰਹੀ ਹੈ।

ਇਸ ਮੌਕੇ ਕਾਰਜਕਾਰੀ ਇੰਜੀਨੀਅਰ ਵਾਟਰ ਸਪਲਾਈ ਚੰਦਰ ਅਗਰਵਾਲ, ਸੁਪਰਡੰਟ ਮਨਜੀਤ ਸਿੰਘ ਔਲਖ, ਜਸਵਿੰਦਰ ਚਾਵਲਾ ਤੋਂ ਇਲਾਵਾ ਹੋਰ ਮੌਜੂਦ ਸਨ।

**ਪ੍ਰੈਸ ਨੋਟ-4**

**1/24905/2020**

ਸੂਚਨਾ ਤੇ ਜ਼ਿਲ੍ਹਾ ਲੋਕ ਸੰਪਰਕ ਦਫ਼ਤਰ, ਫਾਜ਼ਿਲਕਾ

ਜਨਤਾ ਦਰਬਾਰ ਦੇ ਦੂਜੇ ਦਿਨ ਡਿਪਟੀ ਕਮਿਸ਼ਨਰ ਨੇ ਲੋਕ ਮਸਲਿਆਂ ਨੂੰ ਸੁਣਿਆ ਅਤੇ ਮੌਕੇ ਤੇ ਕੀਤਾ ਨਿਪਟਾਰਾ

*ਦੋ ਦਿਨਾਂ ’ਚ ਵੱਖ ਵੱਖ ਜ਼ਿਲ੍ਹਿਆਂ ’ਚ ਆਪਣੇ ਸਾਧਨਾਂ ਰਾਹੀ ਜਾਣ ਵਾਲੇ ਕਰੀਬ

200 ਤੋਂ ਵਧੇਰੇ ਲੋਕਾਂ ਨੂੰ ਪਾਸ ਜਾਰੀ ਕੀਤੇ-ਸੰਧੂ

ਫਾਜ਼ਿਲਕਾ, 15 ਮਈ:

ਕੋਰੋਨਾ ਮਹਾਂਮਾਰੀ ਦੇ ਚਲਦਿਆਂ ਲੋਕ ਸਮੱਸਿਆਵਾਂ ਦਾ ਨਿਪਟਾਰਾ ਕਰਨ ਲਈ ਡਿਪਟੀ ਕਮਿਸ਼ਨਰ ਸ੍ਰੀ ਅਰਵਿੰਦ ਪਾਲ ਸਿੰਘ ਸੰਧੂ ਨੇ ਦੂਜੇ ਦਿਨ ਵੱਡੀ ਗਿਣਤੀ ਵਿੱਚ ਲੋਕ ਮਸਲਿਆਂ ਨੂੰ ਸੁਣਿਆ ਅਤੇ ਹਰ ਪਹਿਲੂ ਸੁਣ ਕੇ ਸਬੰਧਤ ਅਧਿਕਾਰੀਆਂ ਨੂੰ ਆਦੇਸ਼ ਜਾਰੀ ਕੀਤੇ ਗਏ। ਪ੍ਰਬੰਧਕੀ ਕੰਪਲੈਕਸ਼ ਦੇ ਬਾਹਰ ਖੁੱਲੇ 'ਚ ਲਗਾਏ ਜਨਤਾ ਦਰਬਾਰ 'ਚ ਦੋ ਦਿਨਾਂ ਦੋਰਾਨ ਵੱਖ ਵੱਖ ਜ਼ਿਲ੍ਹਿਆ 'ਚ ਆਪਣੇ ਸਾਧਨਾਂ ਰਾਹੀ ਜਾਣ ਵਾਲੇ ਕਰੀਬ 200 ਤੋਂ ਵਧੇਰੇ ਲੋਕਾਂ ਨੰੂ ਪਾਸ ਜਾਰੀ ਕੀਤੇ ਗਏ। ਇਸ ਤੋਂ ਇਲਾਵਾ ਦੂਜੇ ਰਾਜਾਂ ਲਈ ਆਨਲਾਈਨ ਅਪਲਾਈ ਕਰਨ ਵਾਲੇ ਲੋਕਾਂ ਦੇ ਪਾਸ ਵੀ ਬਣਾਏ ਜਾ ਰਹੇ ਹਨ।

ਡਿਪਟੀ ਕਮਿਸ਼ਨਰ ਸ੍ਰੀ ਅਰਵਿੰਦ ਪਾਲ ਸਿੰਘ ਸੰਧੂ ਨੇ ਦੱਸਿਆ ਕਿ ਬਾਹਰੀ ਰਾਜਾਂ ਨੂੰ ਜਾਣ ਵਾਲੇ ਜਾਂ ਦੂਜੇ ਜ਼ਿਲ੍ਹੇ ਅੰਦਰ ਜਾਣ ਵਾਲੇ ਹਰੇਕ ਵਿਅਕਤੀ ਨੂੰ ਰਾਜ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਦਸਤਾਵੇਜ਼ਾਂ ਦੀ ਪੂਰੀ ਜਾਂਚ ਕਰਨ ਤੋਂ ਬਾਅਦ ਪਾਸ ਜਾਰੀ ਕੀਤਾ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਪਾਸ ਪ੍ਰਾਪਤ ਕਰਨ ਵਾਲੇ ਵਿਅਕਤੀ ਤੋਂ ਸਰਕਾਰੀ ਹਸਪਤਾਲ ਤੋਂ ਬਕਾਇਦਾ ਸਕਰੀਨਿੰਗ ਸਰਟੀਫਿਕੇਟ ਅਤੇ ਕੋਵਾ ਐਪ ਤੇ ਅਪਲਾਈ ਹੋਣ, ਆਧਾਰ ਕਾਰਡ, ਜਿਸ ਸਟੇਟ ਜਾਂ ਜ਼ਿਲ੍ਹੇ 'ਚ ਜਾਣਾ ਹੋਵੇ ਉਥੋਂ ਦਾ ਪਤਾ, ਮੋਬਾਇਲ ਨੰਬਰ ਸਮੇਤ ਅਰਜ਼ੀ ਪ੍ਰਾਪਤ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਰੇਲ ਰਾਹੀ ਦੂਜੇ ਰਾਜਾਂ ਨੂੰ ਜਾਣ ਵਾਲੇ ਵਿਅਕਤੀਆਂ ਨੂੰ ਬਕਾਇਦਾ ਮੋਬਾਇਲ ਤੇ ਰੇਲ ਨੇ ਕਦੋਂ ਕਿਥੋ ਜਾਣਾ ਹੈ ਸਾਰੀ ਸੂਚਨਾ ਰਜਿਸਟਰਡ ਮੋਬਾਇਲ ਤੇ ਮੈਸੇਜ ਰਾਹੀ ਪ੍ਰਾਪਤ ਹੋੇਵੇਗੀ।

ਸ. ਸੰਧੂ ਨੇ ਕਿਹਾ ਕਿ ਲੋਕ ਸੁਵਿਧਾ ਲਈ ਸ਼ੁਰੂ ਕੀਤੀ ਇਹ ਮੁਹਿੰਮ ਕੋਵਿਡ 19 ਦੇ ਚਲ ਰਹੇ ਸੰਕਟ ਤੱਕ ਜਾਰੀ ਰਹੇਗੀ। ਉਨ੍ਹਾਂ ਕਿਹਾ ਕਿ ਬਿਨ੍ਹਾਂ ਕਾਰਣ ਬਾਹਰ ਆਉਣ ਜਾਣ ਤੋਂ ਗੁਰੇਜ਼ ਕੀਤਾ ਜਾਵੇ। ਉਨ੍ਹਾਂ ਪਾਸ ਸੁਵਿਧਾ ਤੋਂ ਇਲਾਵਾ ਹੋਰਨਾਂ ਵਿਭਾਗਾਂ ਨਾਲ ਸਬੰਧਤ ਸ਼ਿਕਾਇਤਾ ਨੂੰ ਸੁਣਿਆ ਅਤੇ ਮੌਕੇ ਤੇ ਹਲ ਕੀਤਾ ਅਤੇ ਰਹਿੰਦੇ ਕੰਮਾਂ ਨੂੰ ਸਬੰਧਤ ਅਧਿਕਾਰੀਆਂ ਨੂੰ ਪਹਿਲਕਦਮੀ ਨਾਲ ਹਲ ਕਰਨ ਦੇ ਨਿਰਦੇਸ਼ ਜਾਰੀ ਕੀਤੇ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਡਾ. ਆਰ.ਪੀ. ਸਿੰਘ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਨਵਲ ਰਾਮ, ਐਸ.ਡੀ.ਐਮ ਫਾਜਿਲਕਾ ਸੁਭਾਸ਼ ਖੱਟਕ, ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ ਰਾਜਰਿਸ਼ੀ ਮਹਿਰਾ, ਜ਼ਿਲ੍ਹਾ ਭਲਾਈ ਅਫ਼ਸਰ ਬਰਿੰਦਰ ਸਿੰਘ ਅਤੇ ਹੋਰ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

ਤਸਵੀਰਾਂ: 1 ਤੋਂ 4

ਡਿਪਟੀ ਕਮਿਸ਼ਨਰ ਸ. ਅਰਵਿੰਦ ਪਾਲ ਸਿੰਘ ਸੰਧੂ ਵੱਖ-ਵੱਖ ਵਿਭਾਗਾਂ ਅਤੇ ਪਾਸ ਸੁਵਿਧਾ ਲਈ ਲੋਕਾਂ ਦੀ ਗੱਲ ਸੁਣਦੇ ਹੋਏ।